

# ਕੁਝ ਮਹੱਤਵਪੂਰਨ ਪ੍ਰਸ਼ਨ
# (Some Important Questions)

## ਬਹੁਤੇ ਛੋਟੇ ਉੱਤਰਾਂ ਵਾਲੇ ਪ੍ਰਸ਼ਨ (Very Short Answer Type Questions) ________ 1 Mark

**ਪ੍ਰਸ਼ਨ 1. ਸਾਹ ਕਿਰਿਆ ਕਿਸਨੂੰ ਆਖਦੇ ਹਨ ?**

ਉੱਤਰ-ਫੇਫੜਿਆਂ ਅੰਦਰ ਸਾਹ ਖਿੱਚਣ ਅਤੇ ਸਾਹ ਬਾਹਰ ਕੱਢਣ ਦੀ ਕਿਰਿਆ ਨੂੰ ਸਾਹ ਕਿਰਿਆ ਕਿਹਾ ਜਾਂਦਾ ਹੈ।

**ਪ੍ਰਸ਼ਨ 2. ਸਾਹ ਕਿਰਿਆ ਦੀਆਂ ਗਤੀਆਂ ਕੀ ਹਨ ?**

ਉੱਤਰ-ਸਾਹ ਕਿਰਿਆ ਦੀਆਂ ਦੋ ਗਤੀਆਂ ਹਨ :

(1) ਸਾਹ ਅੰਦਰ ਖਿੱਚਣਾ (Inspiration)

(2) ਸਾਹ ਬਾਹਰ ਕੱਢਣਾ (Expiration)

**ਪ੍ਰਸ਼ਨ 3. ਨੱਕ ਰਾਹੀਂ ਸਾਹ ਲੈਣ ਦੇ ਕੀ ਲਾਭ ਹਨ ?**

ਉੱਤਰ-ਨੱਕ ਰਾਹੀਂ ਸਾਹ ਲੈਣ ਨਾਲ ਹਵਾ ਪੁਣ ਕੇ, ਕੀਟਾਣੂ ਰਹਿਤ ਅਤੇ ਗਰਮ ਹੋ ਕੇ ਫੇਫੜਿਆਂ ਅੰਦਰ ਜਾਂਦੀ ਹੈ।

**ਪ੍ਰਸ਼ਨ 4. ਸਾਹ ਕਿਰਿਆ ਦੀ ਕੀ ਮਹੱਤਤਾ ਹੈ ?**

ਉੱਤਰ-ਪੋਸ਼ਕ ਤੱਤਾਂ ਨੂੰ ਊਰਜਾ ਵਿਚ ਤਬਦੀਲ ਕਰਨ ਲਈ ਸਰੀਰਕ ਸੈੱਲਾਂ ਨੂੰ ਆਕਸੀਜਨ ਦੀ ਸਪਲਾਈ ਸਾਹ ਕਿਰਿਆ ਦੁਆਰਾ ਹੁੰਦੀ ਹੈ।

**ਪ੍ਰਸ਼ਨ 5. ਸਾਹ ਪ੍ਰਣਾਲੀ ਦੇ ਮੁੱਖ ਅੰਗਾਂ ਦੇ ਨਾਂ ਲਿਖੋ।**

ਉੱਤਰ-ਨੱਕ, ਸੰਘ, ਯੁਨੀ ਯੰਤਰ, ਸਾਹ ਨਲੀ, ਸਾਹ ਨਲੀਆਂ ਅਤੇ ਫੇਫੜੇ ਸਾਹ ਪ੍ਰਣਾਲੀ ਦੇ ਮੁੱਖ ਅੰਗ ਹਨ।

**ਪ੍ਰਸ਼ਨ 6. ਸਾਹ ਨਲੀ ਕਿੰਨੇ ਇੰਚ ਲੰਬੀ ਹੁੰਦੀ ਹੈ ?**

ਉੱਤਰ-ਸਾਹ ਨਲੀ 5 ਇੰਚ ਲੰਬੀ ਛੱਲੇਦਾਰ ਕਾਰਟੀਲੇਜ਼ ਦੀ ਬਣੀ ਹੁੰਦੀ ਹੈ।

**ਪ੍ਰਸ਼ਨ 7. ਸਰੀਰ ਵਿਚ ਕਿੰਨੇ ਫੇਫੜੇ ਹੁੰਦੇ ਹਨ ?**

ਉੱਤਰ-ਸਰੀਰ ਵਿਚ ਦੋ ਫੇਫੜੇ ਹੁੰਦੇ ਹਨ ਜਿਸ ਨੂੰ ਸੱਜਾ ਅਤੇ ਖੱਬਾ ਫੇਫੜਾ ਕਿਹਾ ਜਾਂਦਾ ਹੈ।

**ਪ੍ਰਸ਼ਨ 8. ਫੇਫੜੇ ਸਰੀਰ ਦੇ ਕਿਹੜੇ ਭਾਗ ਵਿਚ ਸਥਿਤ ਹੁੰਦੇ ਹਨ ?**

ਉੱਤਰ-ਫੇਫੜੇ ਛਾਤੀ ਗੁਹਾ ਵਿਚ ਸਟਰਨਮ (Sternum) ਜਾਂ ਛਾਤੀ ਹੱਡੀ ਦੇ ਹੇਠਾਂ ਸਥਿਤ ਹੁੰਦੇ ਹਨ।

**ਪ੍ਰਸ਼ਨ 9. ਇਕ ਨੌਜਵਾਨ ਅਤੇ ਸਿਹਤਮੰਦ ਵਿਅਕਤੀ ਇਕ ਮਿੰਟ ਵਿਚ ਕਿੰਨੀ ਵਾਰ ਸਾਹ ਲੈਂਦਾ ਹੈ ?**

ਉੱਤਰ-ਇਹ ਜਵਾਨ ਅਤੇ ਸਿਹਤਮੰਦ ਵਿਅਕਤੀ ਇਕ ਮਿੰਟ ਵਿਚ 18 ਵਾਰ ਸਾਹ ਲੈਂਦਾ ਹੈ।

**ਪ੍ਰਸ਼ਨ 10. ਆਕਸੀਜਨ ਦੀ ਖੱਪਤ ਤੋਂ ਬਾਅਦ ਕਿਹੜੀ ਗੈਸ ਪੈਦਾ ਹੁੰਦੀ ਹੈ ?**

ਉੱਤਰ-ਆਕਸੀਜਨ ਦੀ ਖੱਪਤ ਤੋਂ ਬਾਅਦ ਕਾਰਬਨ ਡਾਈਆਕਸਾਈਡ ਗੈਸ ਪੈਦਾ ਹੁੰਦੀ ਹੈ।

**ਪ੍ਰਸ਼ਨ 11. ਅਸੀਂ ਇਕ ਸਾਹ ਰਾਹੀਂ ਕਿੰਨੀ ਮਾਤਰਾ ਹਵਾ ਦੀ ਅੰਦਰ ਖਿੱਚਦੇ ਅਤੇ ਬਾਹਰ ਕੱਢਦੇ ਹਾਂ ?**

ਉੱਤਰ-ਅਸੀਂ ਇਕ ਸਾਹ ਰਾਹੀਂ 500 c.c. ਹਵਾ ਅੰਦਰ ਖਿੱਚਦੇ ਅਤੇ 500 c.c. ਹਵਾ ਬਾਹਰ ਕੱਢਦੇ ਹਾਂ।

Scanned with CamScanner

**ਪ੍ਰਸ਼ਨ 12. ਇਕ ਡੂੰਘੇ ਸਾਹ ਰਾਹੀਂ ਹਵਾ ਦੀ ਕਿੰਨੀ ਮਾਤਰਾ ਫੇਫੜਿਆਂ ਵਿਚ ਭਰੀ ਜਾ ਸਕਦੀ ਹੈ।**

ਉੱਤਰ-ਇਕ ਡੂੰਘੇ ਸਾਹ ਰਾਹੀਂ ਫੇਫੜਿਆਂ ਵਿਚ 3500 c.c. ਹਵਾ ਦੀ ਮਾਤਰਾ ਭਰੀ ਜਾ ਸਕਦੀ ਹੈ।

**ਪ੍ਰਸ਼ਨ 13. ਇਕ ਨਵਜੰਮਿਆ ਬੱਚਾ ਪ੍ਰਤੀ ਮਿੰਟ ਕਿੰਨੀ ਵਾਰ ਸਾਹ ਕਿਰਿਆ ਕਰਦਾ ਹੈ ?**

ਉੱਤਰ-ਇਕ ਨਵਜੰਮਿਆ ਬੱਚਾ ਪ੍ਰਤੀ ਮਿੰਟ 40 ਵਾਰ ਸਾਹ ਕਿਰਿਆ ਕਰਦਾ ਹੈ।

**ਪ੍ਰਸ਼ਨ 14. ਫੇਫੜਿਆਂ ਦੀ ਸਮਰਥਾ ਮਾਪਣ ਵਾਲੇ ਯੰਤਰ ਦਾ ਨਾਂ ਕੀ ਹੈ ?**

ਉੱਤਰ-ਫੇਫੜਿਆਂ ਦੀ ਸਮਰਥਾ ਮਾਪਣ ਵਾਲੇ ਯੰਤਰ ਦਾ ਨਾਂ ਸਪਾਇਰੋਮੀਟਰ ਹੈ ?

**ਪ੍ਰਸ਼ਨ 15. ਜੀਵਨ ਦੀ ਸਭ ਤੋਂ ਜ਼ਰੂਰੀ ਲੋੜ ਕੀ ਹੈ ?**

ਉੱਤਰ-ਜੀਵਨ ਦੀ ਸਭ ਤੋਂ ਜ਼ਰੂਰੀ ਲੋੜ ਹਵਾ ਹੈ।

**ਪ੍ਰਸ਼ਨ 16. ਸਾਹ ਛੱਡਣ ਨਾਲ ਕਿਹੜੀ ਗੈਸ ਸਰੀਰ ਵਿੱਚੋਂ ਬਾਹਰ ਕੱਢੀ ਜਾਂਦੀ ਹੈ ?**

ਉੱਤਰ-ਸਾਹ ਛੱਡਣ ਨਾਲ ਕਾਰਬਨ ਡਾਈਆਕਸਾਈਡ ਗੈਸ ਬਾਹਰ ਕੱਢੀ ਜਾਂਦੀ ਹੈ।

**ਪ੍ਰਸ਼ਨ 17. ਫੇਫੜਿਆਂ ਵਿਚ ਕਿਹੜੀਆਂ ਗੈਸਾਂ ਦੀ ਅਦਲਾ-ਬਦਲੀ ਹੁੰਦੀ ਹੈ ?**

ਉੱਤਰ-ਫੇਫੜਿਆਂ ਵਿਚ ਆਕਸੀਜਨ ਅਤੇ ਕਾਰਬਨ ਡਾਈਆਕਸਾਈਡ ਗੈਸਾਂ ਦੀ ਅਦਲਾ-ਬਦਲੀ ਹੁੰਦੀ ਹੈ।

**ਪ੍ਰਸ਼ਨ 18. ਲਹੂ ਗੇੜ ਦਾ ਮੁੱਖ ਅੰਗ ਕਿਹੜਾ ਹੈ ?**

ਉੱਤਰ-ਲਹੂ ਗੇੜ ਦਾ ਮੁੱਖ ਅੰਗ ਦਿਲ ਹੈ।

**ਪ੍ਰਸ਼ਨ 19. ਪਲਾਜ਼ਮਾ ਕਿਸਨੂੰ ਆਖਦੇ ਹਨ ?**

ਉੱਤਰ-ਪਲਾਜ਼ਮਾ ਲਹੂ ਦਾ ਪੀਲੇ ਰੰਗ ਦਾ ਤਰਲ ਪਦਾਰਥ ਹੈ। ਇਸ ਵਿਚ 90 ਪ੍ਰਤੀਸ਼ਤ ਪਾਣੀ, 10 ਪ੍ਰਤੀਸ਼ਤ ਪ੍ਰੋਟੀ ਚਰਬੀ ਅਤੇ ਖਣਿਜ ਲੂਣ ਹੁੰਦੇ ਹਨ।

**ਪ੍ਰਸ਼ਨ 20. ਲਹੂ ਦੇ ਕਣ ਕਿਸ ਤਰਲ ਵਿਚ ਪਾਏ ਜਾਂਦੇ ਹਨ ?**

ਉੱਤਰ-ਲਹੂ ਦੇ ਕਣ ਲਹੂ ਵਾਹੀ ਤਰਲ ਪਲਾਜ਼ਮਾਂ ਵਿਚ ਪਾਏ ਜਾਂਦੇ ਹਨ।

**ਪ੍ਰਸ਼ਨ 21. ਸਰੀਰ ਵਿਚ ਕਿੰਨਾ ਲਹੂ ਹੁੰਦਾ ਹੈ ?**

ਉੱਤਰ-ਸਰੀਰ ਦੇ ਭਾਰ ਦਾ ਬਾਰ੍ਹਵਾਂ ਹਿੱਸਾ ਲਹੂ ਹੁੰਦਾ ਹੈ।

**ਪ੍ਰਸ਼ਨ 22. ਲਹੂ ਦੇ ਕਣ ਸਰੀਰ ਵਿਚ ਕਿੱਥੇ ਬਣਦੇ ਹਨ ?**

ਉੱਤਰ-ਲਹੂ ਦੇ ਕਣ ਹੱਡੀਆਂ ਦੀ ਮਿਝ (Bone Marrow) ਵਿਚ ਬਣਦੇ ਹਨ।

**ਪ੍ਰਸ਼ਨ 23. ਲਹੂ ਦੇ ਲਾਲ ਕਣਾਂ ਦੀ ਉਮਰ ਕਿੰਨੇ ਦਿਨ ਹੁੰਦੀ ਹੈ ?**

ਉੱਤਰ-ਲਹੂ ਦੇ ਲਾਲ ਕਣਾਂ ਦੀ ਉਮਰ 115 ਦਿਨਾਂ ਦੀ ਹੁੰਦੀ ਹੈ।

**ਪ੍ਰਸ਼ਨ 24. ਦਿਲ ਦੇ ਕਿੰਨੇ ਭਾਗ ਅਤੇ ਖਾਨੇ ਹੁੰਦੇ ਹਨ ?**

ਉੱਤਰ-ਦਿਲ ਦੇ ਦੋ ਭਾਗ ਅਤੇ ਚਾਰ ਖਾਨੇ ਹੁੰਦੇ ਹਨ।

**ਪ੍ਰਸ਼ਨ 25. ਸ਼ੁੱਧ ਲਹੂ ਕਿਹੜੀਆਂ ਲਹੂ ਵਹਿਣੀਆਂ ਵਿਚ ਵਗਦਾ ਹੈ ?**

ਉੱਤਰ-ਸ਼ੁੱਧ ਲਹੂ ਧਮਣੀਆਂ (Arteries) ਵਿਚ ਵਗਦਾ ਹੈ।

**ਪ੍ਰਸ਼ਨ 26. ਅਸ਼ੁੱਧ ਲਹੂ ਦਿਲ ਨੂੰ ਵਾਪਸ ਕਿਹੜੀਆਂ ਲਹੂ ਵਹਿਣੀਆਂ ਦੁਆਰਾ ਆਉਂਦਾ ਹੈ ?**

ਉੱਤਰ-ਸ਼ਿਰਾਵਾਂ ਰਾਹੀਂ ਅਸ਼ੁੱਧ ਲਹੂ ਦਿਲ ਨੂੰ ਵਾਪਸ ਆਉਂਦਾ ਹੈ।

Scanned with CamScanner

**ਪ੍ਰਸ਼ਨ 27. ਅਸ਼ੁੱਧ ਲਹੂ ਦਿਲ ਦੇ ਕਿਹੜੇ ਪਾਸੇ ਹੁੰਦਾ ਹੈ ?**

ਉੱਤਰ-ਅਸ਼ੁੱਧ ਲਹੂ ਦਿਲ ਦੇ ਸੱਜੇ ਆਰੀਕਲ ਅਤੇ ਸੱਜੇ ਵੈਂਟਰੀਕਲ ਵਿਚ ਹੁੰਦਾ ਹੈ।

**ਪ੍ਰਸ਼ਨ 28. ਸ਼ੁੱਧ ਲਹੂ ਦਿਲ ਦੇ ਕਿਹੜੇ ਪਾਸੇ ਹੁੰਦਾ ਹੈ ?**

ਉੱਤਰ-ਸ਼ੁੱਧ ਲਹੂ ਦਿਲ ਦੇ ਖੱਬੇ ਆਰੀਕਲ ਅਤੇ ਖੱਬੇ ਵੈਂਟਰੀਕਲ ਵਿਚ ਹੁੰਦਾ ਹੈ।

**ਪ੍ਰਸ਼ਨ 29. ਲਹੂ ਕਣ ਕਿੰਨੀ ਤਰ੍ਹਾਂ ਦੇ ਹੁੰਦੇ ਹਨ ?**

ਉੱਤਰ-ਲਹੂ ਕਣ ਤਿੰਨ ਤਰ੍ਹਾਂ ਦੇ ਹੁੰਦੇ ਹਨ-

1. ਲਾਲ ਕਣ (Red Blood Corpuscles)
2. ਚਿੱਟੇ ਕਣ (White Blood Corpuscles)
3. ਪਲੇਟਲੇਟਸ (Platelets)

**ਪ੍ਰਸ਼ਨ 30. ਲਹੂ ਦੇ ਲਾਲ ਕਣਾਂ ਦਾ ਕੀ ਕੰਮ ਹੈ ?**

ਉੱਤਰ-ਲਹੂ ਦੇ ਲਾਲ ਕਣ ਆਕਸੀਜਨ ਤੇ ਪੋਸ਼ਕ ਤੱਤ ਸਰੀਰਕ ਸੈੱਲਾਂ ਨੂੰ ਪਹੁੰਚਾਉਣ ਅਤੇ ਕਾਰਬਨ ਡਾਈਆਕਸਾਈਡ ਨੂੰ ਫੇਫੜਿਆਂ ਵਿਚ ਛੱਡਣ ਦਾ ਕੰਮ ਕਰਦੇ ਹਨ।

**ਪ੍ਰਸ਼ਨ 31. ਲਹੂ ਦੇ ਚਿੱਟੇ ਕਣਾਂ ਦਾ ਮੁੱਖ ਕੰਮ ਕੀ ਹੈ ?**

ਉੱਤਰ-ਲਹੂ ਦੇ ਚਿੱਟੇ ਕਣ ਸਰੀਰ ਨੂੰ ਬੀਮਾਰੀ ਦੇ ਕਿਟਾਣੂਆਂ ਤੋਂ ਬਚਾਉਂਦੇ ਹਨ।

**ਪ੍ਰਸ਼ਨ 32. ਲਹੂ ਦੇ ਪਲੇਟਲੇਟਸ ਕਣਾਂ ਦਾ ਕੀ ਕੰਮ ਹੈ ?**

ਉੱਤਰ-ਪਲੇਟਲੇਟਸ ਕਣਾਂ ਦਾ ਮੁੱਖ ਕੰਮ ਜ਼ਖ਼ਮਾਂ ਵਿਚੋਂ ਵਗਦੇ ਲਹੂ ਦਾ ਥੱਕਾ ਬਣਾਉਣਾ ਅਤੇ ਲਹੂ ਨੂੰ ਸਰੀਰ ਤੋਂ ਬਾਹਰ ਨਿਕਲਣ ਤੋਂ ਰੋਕਣਾ ਹੈ।

**ਪ੍ਰਸ਼ਨ 33. ਸਰੀਰ ਦੀ ਸਭ ਤੋਂ ਵੱਡੀ ਧਮਣੀ ਦਾ ਕੀ ਨਾਂ ਹੈ ?**

ਉੱਤਰ— ਲਹੂ ਦੀ ਸਭ ਤੋਂ ਵੱਡੀ ਧਮਣੀ ਨੂੰ ਮਹਾਂਧਮਣੀ (Aorta) ਕਹਿੰਦੇ ਹਨ।

**ਪ੍ਰਸ਼ਨ 34. ਸ਼ੁੱਧ ਲਹੂ ਅਤੇ ਅਸ਼ੁੱਧ ਲਹੂ ਵਿਚ ਕਿਹੜੀ-ਕਿਹੜੀ ਗੈਸ ਦੀ ਮਾਤਰਾ ਵੱਧ ਹੁੰਦੀ ਹੈ?**

ਉੱਤਰ-ਸ਼ੁੱਧ ਲਹੂ ਵਿਚ ਆਕਸੀਜਨ ਅਤੇ ਅਸ਼ੁੱਧ ਲਹੂ ਵਿਚ ਕਾਰਬਨ ਡਾਈਆਕਸਾਈਡ ਗੈਸ ਦੀ ਵੱਧ ਮਾਤਰਾ ਹੁੰਦੀ ਹੈ।

## ਛੋਟੇ ਉੱਤਰਾਂ ਵਾਲੇ ਪ੍ਰਸ਼ਨ (Short Answer Type Questions) —— 2 Marks

**ਪ੍ਰਸ਼ਨ 1. ਨਬਜ਼ ਕਿਸਨੂੰ ਆਖਦੇ ਹਨ ?**

ਉੱਤਰ-ਦਿਲ ਦੁਆਰਾ ਪੰਪ ਕੀਤੇ ਲਹੂ ਦਾ ਦਬਾਅ ਜੋ ਧਮਣੀਆਂ ਦੀਆਂ ਦੀਵਾਰਾਂ ਉੱਤੇ ਮਹਿਸੂਸ ਕੀਤੀ ਜਾਂਦੀ ਹੈ, ਨਬਜ਼ ਅਖਵਾਉਂਦੀ ਹੈ।

**ਪ੍ਰਸ਼ਨ 2. ਇਕ ਮਿੰਟ ਵਿਚ ਕਿੰਨੀ ਵਾਰ ਨਬਜ਼ ਦੀ ਗਤੀ ਕਰਦੀ ਹੈ ?**

ਉੱਤਰ-ਇਕ ਮਿੰਟ ਵਿਚ 72 ਵਾਰ ਨਬਜ਼ ਗਤੀ ਹੁੰਦੀ ਹੈ।

**ਪ੍ਰਸ਼ਨ 3. ਲਹੂ ਦਾ ਦਬਾਅ ਕਿਸਨੂੰ ਆਖਦੇ ਹਨ?**

ਉੱਤਰ-ਦਿਲ ਦੁਆਰਾ ਪੰਪ ਕੀਤੇ ਲਹੂ ਦਾ ਦਬਾਅ, ਜੋ ਲਹੂ ਵਹਿਣੀਆਂ ਦੀਆਂ ਦੀਵਾਰਾਂ ਤੇ ਬਣਦਾ ਹੈ, ਉਸਨੂੰ ਲਹੂ ਦਾ ਦਬਾਅ ਕਿਹਾ ਜਾਂਦਾ ਹੈ।

**ਪ੍ਰਸ਼ਨ 4. ਸਰੀਰ ਵਿਚ ਲਹੂ ਦਾ ਦਬਾਅ ਕਿੰਨਾ ਹੋਣਾ ਚਾਹੀਦਾ ਹੈ ?**

ਉੱਤਰ-ਸਰੀਰ ਵਿਚ ਲਹੂ ਦਾ ਉਪਰਲਾ ਦਬਾਅ 120 ਮਿਲੀਮੀਟਰ ਅਤੇ ਹੇਠਲਾ ਦਬਾਅ 80 ਮਿਲੀਮੀਟਰ ਹੋਣਾ ਚਾਹੀਦਾ ਹੈ।

Scanned with CamScanner